ਪੰਜਾਬ ਸਰਕਾਰ, ਵਿੱਤ ਵਿਭਾਗ
(ਸਥਾਨਕ ਆਡਿਟ ਵਿੰਗ)

(ਨਗਰ ਕੌਂਸਲ/ਨਗਰ ਪੰਚਾਇਤ ਲਈ)

Acctt

ਨਗਰ ਪਾਲਿਕਾ ਗਿੱਦੜਬਾਹਾ
ਰਸੀਦ ਨੰਬਰ...7.46 ਮਿਤੀ...6/6/19

ਸੇਵਾ ਵਿਖੇ

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 5(153)/ ਮਿਤੀ:

ਵਿਸ਼ਾ: **ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਕੌਂਸਲ, ਗਿੱਦੜਬਾਹਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਬਾਬਤ ਸਮਾਂ: 4/17 ਤੋਂ 3/18.**

ਵਿਸ਼ੇ ਅਧੀਨ ਸੰਸਥਾ ਦੀ ਲੇਖਾ ਪੜਤਾਲ ਅਤੇ ਨਿਰਖੀਣ ਰਿਪੋਰਟ ਦੀ ਕਾਪੀ ਨੱਥੀ ਹੈ। ਇਸ ਵਿੱਚ ਦਰਜ ਹੇਠ ਲਿਖੇ ਇਤਰਾਜ ਗੰਭੀਰ ਕਿਸਮ ਦੇ ਹੋਣ ਕਾਰਨ ਆਪ ਜੀ ਦੇ ਧਿਆਨ ਵਿੱਚ ਲਿਆਉਣ ਯੋਗ ਹਨ। ਇਹਨਾਂ ਪੈਰਿਆਂ ਵਿੱਚ ਦਰਸਾਈਆਂ ਗੰਭੀਰ ਉਕਾਈਆਂ ਅਤੇ ਬੇਕਾਇਦਗੀਆਂ ਸਬੰਧੀ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਪਿਛਲੀਆਂ ਆਡਿਟ ਰਿਪੋਰਟਾਂ ਵਿੱਚ ਬਕਾਇਆ ਚਲੇ ਆ ਰਹੇ ਆਡਿਟ ਇਤਰਾਜਾਂ ਦੇ ਨਿਪਟਾਰੇ ਸਬੰਧੀ ਢੁੱਕਵੀਂ ਕਾਰਵਾਈ ਨਾ ਕਰਨ ਕਰਕੇ ਪੈਂਡਿੰਗ ਆਡਿਟ ਇਤਰਾਜਾਂ ਵਿੱਚ ਵੱਡਾ ਵਾਧਾ ਹੋ ਰਿਹਾ ਹੈ। ~~ਮਿਊਂਸਪਲ ਅਕਾਊਂਟ ਕੋਡ, 1930 ਦੇ ਨਿਯਮ 17.17 (6) ਅਤੇ (7) ਦੀ ਪਾਲਣਾ ਕਰਦਿਆਂ~~ ਪਿਛਲੀ ਆਡਿਟ ਰਿਪੋਰਟ ਨਗਰ ਕੌਂਸਲ/ਨਗਰ ਪੰਚਾਇਤ ਸਾਹਮਣੇ ਪੇਸ਼ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਉੱਤਰਮਾਲਾ ਤਿਆਰ ਕਰਕੇ ਇਸ ਵਿਭਾਗ ਨੂੰ ਭੇਜੀ ਗਈ ਹੈ, ਜੋ ਉਪਰੋਕਤ ਨਿਯਮਾਂ ਦੇ ਪ੍ਰਤੀਕੂਲ ਹੈ। ਆਡਿਟ ਇਤਰਾਜਾਂ ਦੇ ਨਿਪਟਾਰੇ ਸਬੰਧੀ ਸਮੇਂ ਸਿਰ ਕਾਰਵਾਈ ਨਾ ਕਰਨ ਦੇ ਨਤੀਜੇ ਵਜੋਂ ਇਹਨਾਂ ਦੀ ਪਾਲਣਾ ਸਬੰਧੀ ਕਾਨੂੰਨੀ ਅੜਚਨਾਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਨਗਰ ਕੌਂਸਲ/ਨਗਰ ਪੰਚਾਇਤ ਅਧਿਕਾਰੀਆਂ ਨੂੰ ਆਡਿਟ ਇਤਰਾਜਾਂ ਦੀ ਪਾਲਣਾ ਕਰਨ ਪ੍ਰਤੀ ਵਿਸ਼ੇਸ਼ ਧਿਆਨ ਦੇਣ ਬਾਰੇ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਜੀ।

ੳ) <u>ਗਬਨ/ਕੁਵਰਤੋਂ ਅਤੇ ਗੰਭੀਰ ਅਨਿਯਮਤਾਈਆਂ ਸਬੰਧੀ ਪੈਰੇ:-</u>

| ਲੜੀ ਨੰ: | ਵੇਰਵਾ | ਪੈਰਾ ਨੰਬਰ | ਰਕਮ (ਰੁ:) |
|---|---|---|---|
| 1 | ਗਬਨ ਜਾਂ ਕੁਵਰਤੋਂ ਬਾਰੇ ਪੈਰੇ | | |
| 2 | ਸਟਾਕ/ਸਟੋਰ ਵਿੱਚ ਪਾਈਆਂ ਤਰੁੱਟੀਆਂ | | |
| 3 | ਘੱਟ ਵਸੂਲੀਆਂ ਬਾਰੇ ਪੈਰੇ | 12(1) | 757- |
| 4 | ਅਨਿਯਮਤ/ਵਧੀਕ ਅਦਾਇਗੀਆਂ | 3(2) | 1890- |
| | (ੳ) ਅਨਿਯਮਤ ਅਦਾਇਗੀਆਂ | 3(3) | 1732- |
| | (ਅ) ਪ੍ਰੋਸੀਜਰਲ ਲੈਪਸ ਅਦਾਇਗੀਆਂ | 3(4) | 13740- |
| | (ੲ) ਟਾਲਣਯੋਗ ਅਦਾਇਗੀਆਂ | 3(5) | 2296- |
| | (ਸ) ਵਸੂਲਣਯੋਗ ਰਕਮਾਂ ਸਬੰਧੀ ਪੈਰੇ | 4 | 28642876- |
| | (ਹ) ਸਮਾਂ ਟੱਪ ਚੁੱਕੀਆਂ ਵਧੀਕ ਅਦਾਇਗੀਆਂ ਅਤੇ ਘੱਟ ਵਸੂਲੀਆਂ | | |
| 5 | ਫੁਟਕਲ ਗੰਭੀਰ ਉਕਾਈਆਂ ਦੇ ਪੈਰੇ | 15 | |
| 6 | ਲੇਖਿਆਂ ਵਿੱਚ ਰੱਖ ਰਖਾਵ ਦੀ ਸਥਿਤੀ | | |

Scanned by CamScanner

"ਰਿਕਾਰਡ ਜੋ ਪੜਤਾਲ ਦੌਰਾਨ ਪੇਸ਼ ਨਹੀਂ ਕੀਤਾ ਗਿਆ:-

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਾਫੀ ਰਿਕਾਰਡ ਜਿਸ ਦਾ ਵੇਰਵਾ ਆਡਿਟ ਪੈਰਾ ਨੰਬਰ ...14.. ਵਿੱਚ ਦਿੱਤਾ ਗਿਆ ਹੈ, ਆਡਿਟ ਦੌਰਾਨ ਪੇਸ਼ ਨਹੀਂ ਕੀਤਾ ਗਿਆ। ਰਿਕਾਰਡ ਦਾ ਪੇਸ਼ ਨਾ ਹੋਣਾ ਗੰਭੀਰ ਬੇਕਾਇਦਗੀਆਂ ਦੀ ਸੰਭਾਵਨਾ ਦਾ ਸੰਕੇਤ ਦਿੰਦਾ ਹੈ। ਇਸ ਲਈ ਸਬੰਧਤ ਰਿਕਾਰਡ ਬਿਨਾਂ ਹੋਰ ਦੇਰੀ ਤੋਂ ਪੜਤਾਲ ਲਹੀ ਆਡਿਟ ਨੂੰ ਪੇਸ਼ ਕਰਵਾਉਣ ਸਬੰਧੀ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਤਾਂ ਜੋ ਪੜਤਾਲ ਉਪਰੰਤ ਬੇਨਿਯਮੀਆਂ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਜਾ ਸਕਣ ਜੀ।

ਸਹੀ/-
ਸੈਕਸ਼ਨ ਅਫਸਰ
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਨੰਬਰ: 5(153) 9 ਮਿਤੀ: 06/06/2019

ਉਪਰੋਕਤ ਦਾ ਉਤਾਰਾ ਲੇਖਾ ਪੜਤਾਲ ਤੇ ਨਿਰੀਖਣ ਨੋਟ ਦੀ ਨਕਲ ਸਮੇਤ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਪ੍ਰਧਾਨ/ਕਾਰਜ ਸਾਧਕ ਅਫਸਰ, ਨਗਰ ਕੌਂਸਲ, ਗਿੱਦੜਬਾਹਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਇਹ ਬੇਨਤੀ ਕੀਤੀ ਜਾਂਦੀ ਹੈ ਕਿ ਮਿਊਂਸਪਲ ਅਕਾਊਂਟ ਕੋਡ 1930 ਦੇ ਨਿਯਮ 17.17(6) ਅਤੇ (7) ਅਧੀਨ ਆਡਿਟ ਨੋਟ ਤੇ ਯੋਗ ਕਾਰਵਾਈ ਕਰਨ ਉਪਰੰਤ ਉੱਤਰਮਾਲਾ ਤਿੰਨ ਮਹੀਨੇ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜ ਦਿੱਤੀ ਜਾਵੇ।
2. ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ।
3. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਬਠਿੰਡਾ।
4. [illegible] ਰਿਜਨਲ ਡਿਪਟੀ ਡਾਇਰੈਕਟਰ (ਲੋ.ਆ.), ਬਠਿੰਡਾ ਰਿਜਨ।
5. ਦਫਤਰੀ ਕਾਪੀ।

ਪੰਜ 4.06.19
ਸੈਕਸ਼ਨ ਅਫਸਰ
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

Scanned by CamScanner